BRAMPTON Flower City
brampton.ca

media release

4 ਫਰਵਰੀ, 2019

# ਬ੍ਰੈਂਪਟਨ ਵਿੱਚ ਬਲੈਕ ਹਿਸਟਰੀ ਮਹੀਨੇ ਦਾ ਜਸ਼ਨ

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ ਨੇ 1 ਫਰਵਰੀ ਨੂੰ ਸਿਟੀ ਹਾਲ (City Hall) ਵਿੱਚ ਰਸਮੀ ਤੌਰ ਤੇ ਬਲੈਕ ਹਿਸਟਰੀ ਮਹੀਨੇ (Black History Month) ਦੀ ਸ਼ੁਰੂਆਤ ਦਾ ਜਸ਼ਨ ਮਨਾਇਆ ਅਤੇ ਭਾਸ਼ਣ, ਕਵਿਤਾਵਾਂ ਦੇ ਨਾਲ ਬ੍ਰੈਂਪਟਨ ਵਿੱਚ ਫਰਵਰੀ ਮਹੀਨੇ ਨੂੰ ਬਲੈਕ ਹਿਸਟਰੀ ਮਹੀਨੇ ਦੇ ਤੌਰ ਤੇ ਮਨਾਉਣ ਦਾ ਐਲਾਨ ਕੀਤਾ।

ਸਿਟੀ ਫਰਵਰੀ ਵਿੱਚ ਬ੍ਰੈਂਪਟਨ ਦੇ ਬਲੈਕ ਅਫਰੀਕਨ (Black African) ਅਤੇ ਕੈਰੀਬਿਅਨ (Caribbean) ਭਾਈਚਾਰੇ ਦੇ ਜਸ਼ਨ ਵਿੱਚ ਦੋ ਹੋਰ ਕਾਰਜਕਰਮਾਂ ਦਾ ਆਯੋਜਨ ਕਰ ਰਹੀ ਹੈ।

**ਬਲੈਕ ਹਿਸਟਰੀ ਮਹੀਨੇ ਵਿੱਚ ਸੁਆਦੀ ਭੋਜਨ (Taste of Black History Month)**

ਸ਼ੁੱਕਰਵਾਰ, 22 ਫਰਵਰੀ ਨੂੰ ਦੁਪਹਿਰ 12 ਵਜੇ ਤੋਂ ਦੁਪਹਿਰ ਬਾਅਦ 2 ਵਜੇ ਤੱਕ ਲੰਚ ਲਈ ਬ੍ਰੈਂਪਟਨ ਸਿਟੀ ਹਾਲ ਵਿੱਚ ਆਓ! ਸਥਾਨਕ ਵਿਕਰੇਤਾ ਕਨਸਰਵੇਟਰੀ (Conservatory) ਵਿੱਚ $5 ਜਾਂ ਇਸਤੋਂ ਵੀ ਘੱਟ ਕੀਮਤ ਵਿੱਚ ਸੁਆਦੀ ਸਨੈਕਸ ਅਤੇ ਭੋਜਨ ਪਦਾਰਥ ਵੇਚਣਗੇ।

**ਸਮਾਪਤੀ ਕਾਰਜਕਰਮ**

ਵੀਰਵਾਰ, 28 ਫਰਵਰੀ ਨੂੰ ਸਿਟੀ ਦੇ ਸਮਾਪਤੀ ਕਾਰਜਕਰਮ ਵਿੱਚ ਬਲੈਕ ਹਿਸਟਰੀ ਮਹੀਨੇ ਦੇ ਖ਼ਤਮ ਹੋਣ ਦਾ ਜਸ਼ਨ ਸਟਾਈਲ ਵਿੱਚ ਮਨਾਓ। ਸ਼ਾਮ 4:30 ਵਜੇ ਤੋਂ ਰਾਤ 8 ਵਜੇ ਤੱਕ, ਬ੍ਰੈਂਪਟਨ ਸਿਟੀ ਹਾਲ ਫੇਸ ਪੇਂਟਿੰਗ ਸਮੇਤ ਡਾਂਸ, ਸੰਗੀਤ, ਸਪੋਕਨ ਵਰਡ, ਬੱਚਿਆਂ ਦੀਆਂ ਗਤੀਵਿਧੀਆਂ ਅਤੇ ਵਿਕਰੇਤਾਵਾਂ ਦੇ ਨਾਲ ਜੀਵੰਤ ਹੋ ਉੱਠੇਗਾ। ਸਟੇਜ ਪੇਸ਼ਕਾਰੀਆਂ ਸ਼ਾਮ 6 ਵਜੇ ਸ਼ੁਰੂ ਹੋਣਗੀਆਂ ਅਤੇ ਹਲਕੇ ਨਾਸ਼ਤੇ ਉਪਲਬਧ ਹੋਣਗੇ।

ਮੇਅਰ ਪੈਟਰਿਕ ਬ੍ਰਾਊਨ ਨੇ ਕਿਹਾ, "ਮੈਨੂੰ ਮਾਣ ਹੈ ਕਿ ਸਿਟੀ ਆਫ ਬ੍ਰੈਂਪਟਨ ਆਪਣੇ ਪਹਿਲੇ ਬਲੈਕ ਹਿਸਟਰੀ ਮਹੀਨੇ ਦੇ ਕਾਰਜਕਰਮਾਂ ਦਾ ਆਯੋਜਨ ਕਰ ਰਹੀ ਹੈ। ਪੂਰੀ ਕਾਊਂਸਿਲ ਦੇ ਵੱਲੋਂ, ਅਸੀਂ ਸਾਡੇ ਬਲੈਕ ਅਫਰੀਕਨ ਅਤੇ ਕੈਰੀਬਿਅਨ ਭਾਈਚਾਰੇ ਦੇ ਜਸ਼ਨ ਅਤੇ ਕਈ ਭਵਿੱਖੀ ਸੱਭਿਆਚਾਰਕ ਜਸ਼ਨਾਂ ਲਈ ਇਸ ਮੌਕੇ ਦੀ ਉਡੀਕ ਕਰਦੇ ਹਾਂ।"

ਬਲੈਕ ਹਿਸਟਰੀ ਮਹੀਨਾ ਇੱਕ ਰਾਸ਼ਟਰੀ ਕਾਰਜਕਰਮ ਹੈ। ਇਹ ਉਹਨਾਂ ਮਹੱਤਵਪੂਰਨ ਯੋਗਦਾਨਾਂ ਨੂੰ ਮਾਨਤਾ ਦਿੰਦਾ ਹੈ, ਜੋ ਬਲੈਕ ਕੈਨੇਡਾਵਾਸੀਆਂ (Black Canadians) ਨੇ ਕੈਨੇਡਾ ਦੇ ਵਿਰਸੇ ਅਤੇ ਪਛਾਣ ਵਿੱਚ ਪਾਏ ਹਨ। ਬ੍ਰੈਂਪਟਨ ਦੇ ਕਾਰਜਕਰਮ ਸਾਡੀ ਸਿਟੀ ਵਿੱਚ ਜ਼ਿੰਦਗੀ ਦੇ ਸਾਰੇ ਪੱਖਾਂ ਵਿੱਚ ਸਾਡੇ ਸਥਾਨਕ ਬਲੈਕ ਭਾਈਚਾਰੇ ਵੱਲੋਂ ਪਾਏ ਅਤੀਤ ਅਤੇ ਵਰਤਮਾਨ ਦੇ ਯੋਗਦਾਨਾਂ ਦਾ ਜਸ਼ਨ ਮਨਾਉਂਦੇ ਹਨ।

ਬ੍ਰੈਂਪਟਨ ਵਿੱਚ ਬਲੈਕ ਹਿਸਟਰੀ ਮਹੀਨੇ ਦੇ ਕਾਰਜਕਰਮਾਂ ਬਾਰੇ ਹੋਰ ਵੇਰਵਿਆਂ ਲਈ, ਇੱਥੇ ਕਲਿੱਕ ਕਰੋ (click here)।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ

BRAMPTON Flower City
brampton.ca

media release

ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca